ਡੂਇਟ ਸੰਸਕਰਣ 2

# ਤੁਹਾਡਾ ਨਵਾਂ ਸਮਾਰਟ ਮੀਟਰ ਡਿਸਪਲੇ




ਆਪਣੇ ਬਿਜਲੀ ਦੇ ਉਪਯੋਗ ਨੂੰ ਪਾਊਂਡਾਂ ਅਤੇ ਪੈਂਸ ਵਿੱਚ ਦੇਖੋ

# ਆਪਣੀ ਬਿਜਲੀ ਨੂੰ ਦੇਖਣ ਦੇ ਸਮਾਰਟ ਤਰੀਕੇ ਵਿੱਚ ਤੁਹਾਡਾ ਸਵਾਗਤ ਹੈ

**ਹੁਣ ਤੁਹਾਨੂੰ ਤੁਹਾਡਾ(ਡੇ) ਸਮਾਰਟ ਮੀਟਰ ਮਿਲ ਗਿਆ ਹੈ(ਗਏ ਹਨ), ਇਹ ਸਮਾਂ ਆਪਣੀ ਬਿਜਲੀ ਦੇ ਉਪਯੋਗ ਨੂੰ ਪਾਊਂਡਾਂ ਅਤੇ ਪੈਂਸ ਵਿੱਚ ਦੇਖਣ ਦਾ ਹੈ। ਤੁਹਾਡੀ ਸਮਾਰਟ ਏਨਰਜੀ ਡਿਸਪਲੇ ਤੁਹਾਨੂੰ ਦਰਸਾਵੇਗੀ ਕਿ ਤੁਸੀਂ ਕੀ ਉਪਯੋਗ ਕਰ ਰਹੇ ਹੋ ਅਤੇ ਤੁਹਾਨੂੰ ਇਹ ਫੈਸਲਾ ਲੈਣ ਵਿੱਚ ਮਦਦ ਕਰੇਗੀ ਕਿ ਤੁਸੀਂ ਬਿਜਲੀ ਅਤੇ ਪੈਸੇ ਦੀ ਬੱਚਤ ਕਿਵੇਂ ਕਰ ਸਕਦੇ ਹੋ।**




ਇਹ ਪੁਸਤਿਕਾ ਇਸ ਵਿੱਚ ਤੁਹਾਡੀ ਮਦਦ ਕਰੇਗੀ:

- ਤੁਹਾਡੀ ਸਮਾਰਟ ਏਨਰਜੀ ਡਿਸਪਲੇ ਨੂੰ ਜਾਣਨ ਵਿੱਚ
- ਇਹ ਦੇਖਣ ਵਿੱਚ ਕਿ ਤੁਸੀਂ ਕਿੰਨੀ ਬਿਜਲੀ ਦਾ ਉਪਯੋਗ ਕਰ ਰਹੇ ਹੋ
- ਆਪਣੀ ਬਿਜਲੀ ਦੀ ਬੱਚਤ ਵਿੱਚ ਸੁਧਾਰ ਕਰਨ ਦੇ ਤਰੀਕਿਆਂ ਦੀ ਭਾਲ ਕਰਨ ਵਿੱਚ
- ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇਣ ਵਿੱਚ

## ਅਸੀਂ ਤੁਹਾਨੂੰ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ

ਤੁਹਾਡੀ ਸਮਾਰਟ ਏਨਰਜੀ ਡਿਸਪਲੇ ਤੁਹਾਨੂੰ ਦਰਸਾਵੇਗੀ ਕਿ ਤੁਸੀਂ ਕਿੰਨੀ ਬਿਜਲੀ ਦਾ ਉਪਯੋਗ ਕਰ ਰਹੇ ਹੋ ਅਤੇ ਇਸ ਦੇ ਨਾਲ-ਨਾਲ ਇਸ ਦੀ ਕਿੰਨੀ ਲਾਗਤ ਆਉਂਦੀ ਹੈ। ਇਸ ਤਰ੍ਹਾਂ ਇੱਕ ਨਜ਼ਰ ਵਿੱਚ, ਤੁਹਾਨੂੰ ਇਸ ਦਾ ਇੱਕ ਵਧੀਆ ਅੰਦਾਜ਼ਾ ਮਿਲੇਗਾ ਕਿ ਕੇਤਲੀ ਨੂੰ ਉਬਾਲਣ, ਨਹਾਉਣ ਜਾਂ ਟੀਵੀ ਦੇਖਣ ਵਿੱਚ ਕਿੰਨੀ ਲਾਗਤ ਆਉਂਦੀ ਹੈ।

# ਆਪਣੀ ਸਮਾਰਟ ਏਨਰਜੀ ਡਿਸਪਲੇ ਬਾਰੇ ਜਾਣੋ

**ਤੁਹਾਡੀ ਡਿਸਪਲੇ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਉਪਯੋਗ ਲਈ ਤਿਆਰ ਰੱਖਿਆ ਜਾਣਾ ਚਾਹੀਦਾ ਹੈ, ਪਰ ਕਿਰਪਾ ਕਰਕੇ ਇਸ ਨੂੰ ਪੜ੍ਹਣ ਲਈ ਕੁਝ ਮਿੰਟ ਦਾ ਸਮਾਂ ਕੱਢੋ, ਤਾਂ ਜੋ ਤੁਸੀਂ ਮੁੱਖ ਸਕ੍ਰੀਨਾਂ ਅਤੇ ਮਹੱਤਵਪੂਰਨ ਸੁਰੱਖਿਆ ਜਾਣਕਾਰੀ ਨੂੰ ਜਾਣ ਲਓ।**

1 ਹੋਮ ਬਟਨ
2 ਬਿਜਲੀ ਦੇ ਉਪਯੋਗ ਦਾ ਇੰਡਿਕੇਟਰ

### ਉਤਲੀ ਸਕ੍ਰੀਨ

3 ਬਿਜਲੀ ਟੈਰਿਫ ਦੇ ਆਇਕਨ
4 ਬਿਜਲੀ ਦੀ ਖਪਤ
5 ਗੈਸ ਦੀ ਖਪਤ
6 ਗੈਸ ਟੈਰਿਫ ਦੇ ਆਇਕਨ
7 ਬਿਜਲੀ ਦੀ ਰੀਡਿੰਗ
8 ਗੈਸ ਦੀ ਰੀਡਿੰਗ
9 ਨਵੇਂ ਸੰਦੇਸ਼ ਦਾ ਇੰਡਿਕੇਟਰ

### ਹੇਠਲੀ ਸਕ੍ਰੀਨ

10 ਨੈਵਿਗੇਸ਼ਨ ਬਟਨ ਦੇ ਲੇਬਲ
11 ਖੱਬੇ, ਵਿਚਕਾਰਲੇ ਅਤੇ ਸੱਜੇ ਬਟਨ




**ਕਿਰਪਾ ਕਰਕੇ ਇਸ ਬਾਰੇ ਜਾਣੂ ਰਹੋ ਕਿ ਤੁਹਾਡੀ ਡਿਸਪਲੇ ਤੇ ਦਰਸਾਏ ਗਏ ਬਿਜਲੀ ਦੇ ਮੁੱਲ ਨੂੰ ਹਰ 10 ਸਕਿੰਟਾਂ ਬਾਅਦ ਅਪਡੇਟ ਕੀਤਾ ਜਾਂਦਾ ਹੈ ਅਤੇ ਗੈਸ ਨੂੰ ਹਰ 30 ਮਿੰਟਾਂ ਬਾਅਦ ਅਪਡੇਟ ਕੀਤਾ ਜਾਂਦਾ ਹੈ।**

ਕਿਰਪਾ ਕਰਕੇ ਧਿਆਨ ਦਿਓ, ਤੁਹਾਡੀ ਡਿਸਪਲੇ ਤੇ ਦਰਸਾਈਆਂ ਜਾਣ ਵਾਲੀਆਂ ਲਾਗਤਾਂ ਇਸ ਦਾ ਇੱਕ ਸੰਕੇਤ ਪ੍ਰਦਾਨ ਕਰਦੀਆਂ ਹਨ ਕਿ ਤੁਸੀਂ ਕੀ ਭੁਗਤਾਨ ਕਰੋਗੇ। ਉਹ ਪਾਊਂਡਾਂ ਅਤੇ ਪੇਂਸ ਵਿੱਚ ਦਰਸਾਉਂਦੇ ਹਨ ਅਤੇ ਤੁਹਾਡੇ ਮੌਜੂਦਾ ਟੈਰਿਫ ਤੇ ਅਧਾਰਤ ਹਨ।ਉਨ੍ਹਾਂ ਵਿੱਚ ਵੈਟ ਸ਼ਾਮਲ ਹੁੰਦਾ ਹੈ, ਪਰ ਅਜਿਹੀਆਂ ਕੋਈ ਵੀ ਛੋਟਾਂ ਸ਼ਾਮਲ ਨਹੀਂ ਹੁੰਦੀਆਂ ਹਨ ਜੋ ਕਿ ਤੁਹਾਨੂੰ ਮਿਲੀਆਂ ਹੋ ਸਕਦੀਆਂ ਹਨ।

# ਇਹ ਦੇਖੋ ਕਿ ਤੁਸੀਂ ਕਿੰਨੀ ਬਿਜਲੀ ਦਾ ਉਪਯੋਗ ਕਰ ਰਹੇ ਹੋ

## ਸ਼ੁਰੂਆਤ ਕਰਨਾ

**ਜਦੋਂ ਡਿਸਪਲੇ ਕੁਝ ਸਮੇਂ ਲਈ ਸਥਾਈ ਰਹਿੰਦੀ ਹੈ, ਜਾਂ ਜਦੋਂ ਤੁਸੀਂ ਹੋਮ ਬਟਨ ਨੂੰ ਦਬਾਉਂਦੇ ਹੋ ਤਾਂ ਤੁਸੀਂ ਇਹ ਹੋਮ ਦ੍ਰਿਸ਼ ਦੇਖੋਗੇ।**




**1** **ਬਿਜਲੀ ਦੇ ਉਪਯੋਗ ਦਾ ਇੰਡਿਕੇਟਰ** ਇੱਕ ਨਜ਼ਰ ਵਿੱਚ ਤੁਹਾਨੂੰ ਦਰਸਾਉਂਦਾ ਹੈ ਕਿ ਤੁਹਾਡਾ ਬਿਜਲੀ ਦਾ ਉਪਯੋਗ ਘੱਟ, ਮੱਧਮ ਜਾਂ ਜ਼ਿਆਦਾ ਹੈ।


**ਘੱਟ**


**ਮੱਧਮ**


**ਜ਼ਿਆਦਾ**

ਤੁਹਾਡੀ ਏਨਰਜੀ ਡਿਸਪਲੇ ਨੂੰ ਡਿਫਾਲਟ ਵਜੋਂ ਇੱਕ ਘਰੇਲੂ ਮੱਧਮ ਬਿਜਲੀ ਦੇ ਉਪਯੋਗ ਨੂੰ ਪ੍ਰਤੀਬਿੰਬ ਕਰਨ ਲਈ ਸੈਟ ਕੀਤਾ ਜਾਂਦਾ ਹੈ। ਇਸ ਨੂੰ **ਉਪਯੋਗ ਦੇ ਪੱਧਰ** ਦੇ ਅੰਦਰ **ਸੈਟਿੰਗਸ** ਮੀਨੂ ਦੇ ਅੰਦਰ ਰੀਸੈਟ ਕੀਤਾ ਜਾ ਸਕਦਾ ਹੈ।।

**2** **ਉਤਲੀ ਸਕ੍ਰੀਨ** ਤੁਹਾਡੇ ਵਰਤਮਾਨ ਬਿਜਲੀ ਦੇ ਉਪਯੋਗ ਨੂੰ ਦਰਸਾਉਂਦੀ ਹੈ ਅਤੇ **ਹੇਠਲੀ ਸਕ੍ਰੀਨ** ਸਮਾਂ ਅਤੇ ਅੱਜ ਦੀ ਤੁਹਾਡੀ ਬਿਜਲੀ ਦੀ ਕੁੱਲ ਲਾਗਤ ਨੂੰ ਵੀ ਦਰਸਾਉਂਦੀ ਹੈ

**3** **ਹੋਰ ਦੇਖਣ ਲਈ**

ਡਿਸਪਲੇ ਦੇ ਹੇਠਲੇ ਹਿੱਸੇ ਵਿੱਚ ਤੁਸੀਂ 3 ਬਟਨਾਂ ਨੂੰ ਦੇਖੋਗੇ ਹਰੇਕ ਬਟਨ ਦਾ ਇਸ ਤੇ ਨਿਰਭਰ ਕਰਦੇ ਹੋਏ ਇੱਕ ਕਾਰਜ ਹੋਵੇਗਾ ਜੋ ਕਿ ਇਸ ਦੇ ਉੱਪਰ ਲਿੱਖਿਆ ਹੁੰਦਾ ਹੈ। ਇਸ ਮਾਮਲੇ ਵਿੱਚ ਵਿਚਲੇ ਬਟਨ ਨੂੰ ਦਬਾਉਣ ਦੁਆਰਾ ਤੁਸੀਂ ਹੋਰ ਸਕ੍ਰੀਨਾਂ ਅਤੇ ਹੋਰ ਕਾਰਜਾਂ ਨੂੰ ਦੇਖੋਗੇ।






**4** **ਇੱਥੇ ਉਤਲੀ ਸਕ੍ਰੀਨ ਇੱਕ ਸਪੀਡੋਮੀਟਰ ਵਾਂਗ ਹੈ**

ਉੱਪਰੀ ਪੈਮਾਨਾ ਹੁਣ ਤੁਹਾਡੇ ਬਿਜਲੀ ਦੇ ਉਪਯੋਗ ਨੂੰ ਦਰਸਾਉਂਦਾ ਹੈ, ਜੋ ਇਸ ਤੇ ਨਿਰਭਰ ਕਰਦੇ ਹੋਏ ਹਰੇ ਤੋਂ ਐਂਬਰ, ਲਾਲ ਰੰਗ ਵਿੱਚ ਬਦਲਦਾ ਹੈ ਕਿ ਤੁਸੀਂ ਕਿੰਨਾ ਉਪਯੋਗ ਕਰ ਰਹੇ ਹੋ ਅਤੇਇਹ ਹਰੇਕ 10 ਸਕਿੰਟਾਂ ਬਾਅਦ ਅਪਡੇਟ ਹੁੰਦਾ ਹੈ। ਹੇਠਲਾ ਪੈਮਾਨਾ, ਨੀਲੇ ਬਾਰ, ਦਰਸਾਉਂਦਾ ਹੈ ਕਿ ਤੁਸੀਂ ਕਿੰਨੀ ਗੈਸ ਦਾ ਉਪਯੋਗ ਕਰ ਰਹੇ ਹੋ ਅਤੇ ਇਹ ਹਰ 30 ਮਿੰਟਾਂ ਬਾਅਦ ਅਪਡੇਟ ਹੁੰਦਾ ਹੈ।









**5** **ਹੇਠਲੀ ਸਕ੍ਰੀਨ ਅੱਜ ਦੇ ਹੁਣ ਤਕ ਦੇ ਤੁਹਾਡੇ ਬਿਜਲੀ ਦੇ ਉਪਯੋਗ ਨੂੰ ਦਰਸਾਉਂਦੀ ਹੈ।**

ਡਿਸਪਲੇ ਦੇ ਹੇਠਾਂ ਵਾਲੇ ਬਟਨ, ਹੁਣ ਇਹ ਦਰਸਾਉਂਦੇ ਹਨ, **ਅਵਧੀ**, **ਮੀਨੂ** ਅਤੇ **ਯੂਨਿਟ**।

### ਯੂਨਿਟ ਬਟਨ

ਅਵਧੀ ਬਟਨ ਨੂੰ **ਦਬਾਉਣ ਦੁਆਰਾ** ਤੁਸੀਂ ਜਾਂ ਤੇ ਕਿਲੋਵਾਟ ਜਾਂ ਫੇਰ £ ਅਤੇ p ਵਿੱਚ ਆਪਣੀ ਬਿਜਲੀ ਅਤੇ ਗੈਸ ਦੇ ਉਪਯੋਗ ਨੂੰ ਦੇਖਣ ਦੇ ਯੋਗ ਹੋਵੋਗੇ ਅਤੇ ਇਹ ਉਤਲੀ ਅਤੇ ਹੇਠਲੀ ਦੋਹਾਂ ਸਕ੍ਰੀਨਾਂ ਨੂੰ ਬਦਲੇਗਾ।




### 6 ਯੂਨਿਟ ਬਟਨ

**ਯੂਨਿਟ** ਬਟਨ ਨੂੰ ਦਬਾਉਣ ਦੁਆਰਾ ਤੁਸੀਂ ਜਾਂ ਤੇ ਕਿਲੋਵਾਟ ਜਾਂ ਫੇਰ £ ਅਤੇ p ਵਿੱਚ ਆਪਣੀ ਬਿਜਲੀ ਅਤੇ ਗੈਸ ਦੇ ਉਪਯੋਗ ਨੂੰ ਦੇਖਣ ਦੇ ਯੋਗ ਹੋਵੋਗੇ ਅਤੇ ਇਹ ਉਤਲੀ ਅਤੇ ਹੇਠਲੀ ਦੋਹਾਂ ਸਕ੍ਰੀਨਾਂ ਨੂੰ ਬਦਲੇਗਾ।




### 7 ਅਵਧੀ ਬਟਨ

**ਅਵਧੀ** ਬਟਨ ਨੂੰ ਦਬਾਉਣ ਦੁਆਰਾ ਤੁਸੀਂ ਉਸ ਤਰੀਕੇ ਨੂੰ ਬਦਲਣ, ਜਿਸ ਤਰ੍ਹਾਂ ਤੁਸੀਂ ਹੇਠਲੀ ਸਕ੍ਰੀਨ ਨੂੰ ਦੇਖਦੇ ਹੋ ਅਤੇ **ਅੱਜ ਦੇ, ਇਸ ਹਫਤੇ** ਜਾਂ **ਇਸ ਮਹੀਨੇ** ਦੇ ਆਪਣੇ ਬਿਜਲੀ ਦੇ ਉਪਯੋਗ ਨੂੰ ਦੇਖਣ ਦੇ ਯੋਗ ਹੋਵੋਗੇ।

ਜੇ ਤੁਸੀਂ ਇਸ ਬਟਨ ਨੂੰ ਦਬਾਉਣਾ ਜਾਰੀ ਰੱਖਦੇ ਹੋ, ਤਾਂ ਤੁਸੀਂ ਇੱਕ ਗ੍ਰਾਫ ਵਜੋਂ ਦਿਖਾਈ ਦੇਣ ਵਾਲੇ ਆਪਣੇ ਬਿਜਲੀ ਦੇ ਉਪਯੋਗ ਨੂੰ ਦੇਖਣ ਦੇ ਯੋਗ ਵੀ ਹੋਵੋਗੇ।




### 8 ਮੀਨੂ ਬਟਨ ਹੋਰ ਵੀ ਖਾਸੀਅਤਾਂ ਦੀ ਪੇਸ਼ਕਸ਼ ਕਰਦਾ ਹੈ

ਇਸ ਵਿੱਚ ਸ਼ਾਮਲ ਹਨ: ਇੱਕ **ਡੈਮੋ** ਮੋਡ ਜਿੱਥੇ ਤੁਸੀਂ ਵੱਖ-ਵੱਖ ਕਾਰਜਾਂ ਨੂੰ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। **ਟੈਰਿਫਾਂ ਵਿੱਚ** ਤੁਸੀਂ ਆਪਣੇ ਮੌਜੂਦਾ ਟੈਰਿਫ ਨੂੰ ਦੇਖੋਗੇ ਅਤੇ **ਸੈਟਿੰਗਸ** ਇਹ ਉਪਯੋਗ ਦੇ ਪੱਧਰ, ਅਵਾਜ਼ ਦੀ ਚੇਤਾਵਨੀ ਅਤੇ ਬੈਕਲਾਇਟ ਵਰਗੀਆਂ ਚੀਜ਼ਾਂ ਨੂੰ ਬਦਲਣ ਦੀ ਆਗਿਆ ਦਿੰਦਾ ਹੈ। ਸੰਦੇਸ਼ਾਂ ਦੀ ਚੋਣ ਕਰਨਾ ਤੁਹਾਨੂੰ ਉਹ ਕੋਈ ਵੀ ਸੰਦੇਸ਼ ਦੇਖਣ ਦੀ ਆਗਿਆ ਦੇਵੇਗਾ ਜੋ ਤੁਹਾਡੇ ਕੋਲ ਆਏ ਹੋਣਗੇ।

(**ਮੀਟਰ ਬੈਲੇਂਸ** ਮਾਸਿਕ ਤੌਰ ਤੇ ਬਿਲ ਭੇਜੇ ਜਾਣ ਵਾਲੇ ਗਾਹਕਾਂ ਲਈ ਖਾਸ ਹੈ – ਜੋ ਇੱਕ ਮਾਸਿਕ ਬਿਲ ਦੇ ਚੱਕਰ ਦੇ ਅਧਾਰ ਤੇ ਉਪਯੋਗ ਨੂੰ ਦਰਸਾਉਂਦਾ ਹੈ, ਨਾ ਕਿ ਕਲੰਡਰ ਵਾਲੇ ਮਹੀਨੇ ਦੇ ਅਧਾਰ ਤੇ)

# ਆਪਣੀ ਬਿਜਲੀ ਦੀ ਬਚਤ ਵਿੱਚ ਸੁਧਾਰ ਕਰੋ

## ਪੈਸੇ ਬਚਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਆਪਣੇ ਸਮਾਰਟ ਮੀਟਰ ਦਾ ਉਪਯੋਗ ਕਰੋ

ਤੁਹਾਡੇ ਸਮਾਰਟ ਏਨਰਜੀ ਡਿਸਪਲੇ ਨੂੰ ਤੁਹਾਡੇ ਘਰ ਵਿੱਚ ਤੁਹਾਨੂੰ ਬਿਜਲੀ ਬਾਰੇ ਜ਼ਿਆਦਾ ਜਾਣੂ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਇਸ ਦੀ ਪਛਾਣ ਕਰਨੀ ਅਸਾਨ ਬਣਾਉਂਦਾ ਹੈ ਕਿ ਤੁਸੀਂ ਸਧਾਰਨ ਨਾਲੋਂ ਜ਼ਿਆਦਾ ਬਿਜਲੀ ਦਾ ਉਪਯੋਗ ਕਰ ਰਹੇ ਹੋ ਜਾਂ ਘੱਟ ਦਾ, ਜੋ ਤੁਹਾਡੀ ਇੱਕ ਜ਼ਿਆਦਾ ਬਿਜਲੀ ਦੀ ਬਚਤ ਵਾਲਾ ਘਰ ਬਣਨ ਵਿੱਚ ਮਦਦ ਕਰਦਾ ਹੈ।

### 1 ਇਹ ਪਤਾ ਲਗਾਓ ਕਿ ਤੁਹਾਡਾ ਮਾਨਕ ਬਿਜਲੀ ਦਾ ਉਪਯੋਗ ਕੀ ਹੈ

ਸਿਰਫ ਉਨ੍ਹਾਂ ਬਿਜਲੀ ਦੇ ਉਪਕਰਣਾਂ ਦੇ ਨਾਲ ਆਪਣੀ ਡਿਸਪਲੇ ਤੇ ਨਜ਼ਰ ਮਾਰੋ ਜੋ ਹਰ ਵੇਲੇ ਚਾਲੂ ਰਹਿੰਦੇ ਹਨ ਜਿਵੇਂ ਕਿ ਫਰਿੱਜ, ਇਹ ਤੁਹਾਨੂੰ ਬਿਜਲੀ ਦੇ ਉਪਯੋਗ ਦਾ ਤੁਹਾਡਾ ਮਾਨਕ ਪੱਧਰ ਦਰਸਾਵੇਗਾ।

### 2 ਇਹ ਦੇਖੋ ਕਿ ਤੁਹਾਡੇ ਬਿਜਲੀ ਦੇ ਉਪਕਰਣ ਦਾ ਉਪਯੋਗ ਕਰਨ ਦੀ ਕਿੰਨੀ ਲਾਗਤ ਆਉਂਦੀ ਹੈ

ਇੱਕ ਵਾਰੀ ਜਦੋਂ ਤੁਹਾਨੂੰ ਆਪਣੇ 'ਬਿਜਲੀ ਦੇ ਉਪਯੋਗ ਦੇ ਮਾਨਕ ਪੱਧਰ' ਦਾ ਪਤਾ ਚਲ ਜਾਂਦਾ ਹੈ ਤਾਂ ਬਿਜਲੀ ਦੇ ਉਪਕਰਣਾਂ ਨੂੰ ਚਾਲੂ ਅਤੇ ਬੰਦ ਕਰਨ ਦੁਆਰਾ ਇਸ ਨੂੰ ਅਨੁਭਵ ਕਰੋ। ਤੁਸੀਂ ਅਸਾਨੀ ਨਾਲ ਇਹ ਦੇਖਣ ਦੇ ਯੋਗ ਹੋਵੋਗੇ ਕਿ ਤੁਹਾਡੇ ਸਮੁੱਚੇ ਬਿਜਲੀ ਦੇ ਉਪਯੋਗ ਤੇ ਹਰੇਕ ਦਾ ਕੀ ਪ੍ਰਭਾਵ ਹੈ ਅਤੇ ਇਸ ਦਾ ਇੱਕ ਵਧੀਆ ਅੰਦਾਜ਼ਾ ਮਿਲੇਗਾ ਕਿ ਉਨ੍ਹਾਂ ਦੇ ਚੱਲਣ ਤੇ ਕਿੰਨੀ ਲਾਗਤ ਆਉਂਦੀ ਹੈ।

ਸਮੇਂ ਦੇ ਨਾਲ ਤੁਸੀਂ ਇਸ ਬਾਰੇ ਸੂਚਿਤ ਫੈਸਲੇ ਲੈਣ ਦੇ ਯੋਗ ਹੋਵੋਗੇ ਕਿ ਤੁਸੀਂ ਆਪਣੀ ਬਿਜਲੀ ਨੂੰ ਕਿਵੇਂ ਘਟਾ ਅਤੇ ਪੈਸੇ ਨੂੰ ਬਚਾ ਸਕਦੇ ਹੋ।

## ਸਾਡੇ ਸਿਖਰ ਦੇ ਬਿਜਲੀ ਦੀ ਬਚਤ ਦੇ ਸੁਝਾਅ*

ਇਸ ਬਾਰੇ ਕਈ ਸੁਝਾਅ ਅਤੇ ਸਲਾਹਾਂ ਹਨ ਕਿ ਤੁਸੀਂ ਆਪਣੇ ਬਿਜਲੀ ਦੇ ਉਪਯੋਗ ਨੂੰ ਕਿਵੇਂ ਘੱਟ ਕਰ ਸਕਦੇ ਹੋ। ਤੁਹਾਡੇ ਦੁਆਰਾ ਸ਼ੁਰੂਆਤ ਕੀਤੇ ਜਾਣ ਲਈ ਇੱਥੇ ਕੁਝ ਸੁਝਾਅ ਦਿੱਤੇ ਗਏ ਹਨ। ਇਸ ਬਾਰੇ ਹੋਰ ਸਲਾਹ ਲਈ ਕਿ ਆਪਣੇ ਘਰ ਨੂੰ ਜ਼ਿਆਦਾ ਬਿਜਲੀ ਦੀ ਬਚਤ ਵਾਲਾ ਕਿਵੇਂ ਬਣਾਉਣਾ ਹੈ, **npower.com/energyefficiency** ਤੇ ਜਾਓ ਜਾਂ ਬਿਜਲੀ ਦੀ ਬਚਤ ਤੇ ਹੋਰ ਸੁਤੰਤਰ ਜਾਣਕਾਰੀ ਲਈ ਕਿਰਪਾ ਕਰਕੇ **energysavingtrust.org.uk ਤੇ ਜਾਓ**

**ਸਟੈਂਡ-ਬਾਏ ਨੂੰ ਬੰਦ ਕਰੋ:** ਉਪਕਰਣਾਂ ਦੇ ਸਟੈਂਡਬਾਏ ਮੋਡ ਨੂੰ ਬੰਦ ਕਰਨਾ ਯਾਦ ਰੱਖਣ ਦੁਆਰਾ ਇੱਕ ਸਾਲ ਵਿੱਚ ਲਗਭਗ £30 ਦੀ ਬਚਤ ਕਰੋ। ਲਗਭਗ ਸਾਰੇ ਬਿਜਲਈ ਅਤੇ ਇਲੈਕਟ੍ਰੋਨਿਕ ਉਪਕਰਣਾਂ ਨੂੰ ਉਨ੍ਹਾਂ ਦੀ ਪ੍ਰੋਗਰਾਮਿੰਗ ਨਾਲ ਛੇੜਛਾੜ ਕਰਨ ਤੋਂ ਬਿਨਾਂ ਪਲੱਗ ਸੋਕੇਟ ਤੋਂ ਬੰਦ ਕੀਤਾ ਜਾ ਸਕਦਾ ਹੈ।

**LED ਵਿੱਚ ਤਬਦੀਲੀ ਕਰੋ:** ਉਨ੍ਹਾਂ LED ਸਪੋਟਲਾਇਟਾਂ ਦੀ ਖਰੀਦ ਕੀਤੀ ਜਾ ਸਕਦੀ ਹੈ ਜੋ ਹੈਲੋਜਨ ਦੀ ਥਾਂ ਲੈਣ ਲਈ ਕਾਫੀ ਤਿੱਖੀਆਂ ਹਨ ਅਤੇ ਉਨ੍ਹਾਂ ਦੇ ਚੱਲਣ ਦੀ ਘੱਟ ਲਾਗਤ ਆਉਂਦੀ ਹੈ। ਉਦਾਹਰਣ ਲਈ ਇੱਕ ਆਮ ਹੈਲੋਜਨ ਬਲਬ ਦੀ ਇੱਕ LED ਲਾਇਟ ਲਈ £1.71 ਦੇ ਮੁਕਾਬਲੇ ਇੱਕ ਸਾਲ ਵਿੱਚ £8.24 ਦੀ ਲਾਗਤ ਆਵੇਗੀ ਅਤੇ ਉਹ ਉਨ੍ਹਾਂ ਨਾਲੋਂ ਲਗਭਗ 12 ਗੁਣਾ ਜ਼ਿਆਦਾ ਸਮੇਂ ਤਕ ਚਲਦੇ ਹਨ।

**ਸ਼ਾਵਰ ਵਿੱਚ ਘੱਟ ਸਮਾਂ ਬਿਤਾਓ:** ਹਰ ਦਿਨ ਸ਼ਾਵਰ ਵਿੱਚ ਇੱਕ ਮਿੰਟ ਘੱਟ ਬਿਤਾਉਣਾ ਪ੍ਰਤੀ ਵਿਅਕਤੀ, ਹਰ ਸਾਲ £10 ਦੇ ਬਿਜਲੀ ਦੇ ਬਿਲ ਦੀ ਬਚਤ ਕਰ ਸਕਦਾ ਹੈ। ਪਾਣੀ ਵਾਲੇ ਮੀਟਰ ਦੇ ਨਾਲ ਇਹ ਸਾਲਾਨਾ ਪਾਣੀ ਅਤੇ ਸੀਵਰੇਜ ਦੇ ਬਿਲਾਂ ਵਿੱਚ ਹੋਰ £15 ਦੀ ਬਚਤ ਕਰ ਸਕਦਾ ਹੈ। ਜੇ ਚਾਰ ਬੰਦਿਆਂ ਦੇ ਪਰਿਵਾਰ ਵਿੱਚ ਹਰੇਕ ਵਿਅਕਤੀ ਨੇ ਅਜਿਹਾ ਕੀਤਾ ਤਾਂ ਇਹ ਇੱਕ ਸਾਲ ਵਿੱਚ £100 ਦੀ ਕੁੱਲ ਬਚਤ ਦੀ ਅਗਵਾਈ ਕਰ ਸਕਦਾ ਹੈ।

**ਤਾਪ ਨੂੰ ਅਨੁਕੂਲ ਕਰੋ:** ਇੰਧਣ ਦੇ ਬਿਲਾਂ ਤੇ ਖਰਚ ਕੀਤੇ ਜਾਣ ਵਾਲੇ ਅੱਧੇ ਨਾਲੋਂ ਜ਼ਿਆਦਾ ਪੈਸੇ ਤਾਪ ਅਤੇ ਗਰਮ ਪਾਣੀ ਨੂੰ ਪ੍ਰਦਾਨ ਕਰਨ ਦੇ ਪ੍ਰਤੀ ਜਾਂਦੇ ਹਨ। ਉਹ ਹਰੇਕ ਡਿਗਰੀ ਤੁਹਾਡੇ ਗੈਸ ਦੇ ਬਿਲ ਤੇ ਵਾਧੂ 10% ਨੂੰ ਜੋੜ ਸਕਦੀ ਹੈ ਜਦੋਂ ਥਰਮੋਸਟੈਟ 21 ਤੋਂ ਜ਼ਿਆਦਾ ਹੁੰਦਾ ਹੈ।

* ਸਰੋਤ: ਏਨਰਜੀ ਸੇਵਿੰਗ ਟ੍ਰਸਟ 2014

# ਆਮ ਸਵਾਲਾਂ ਦੇ ਜਵਾਬ ਦਿਓ

**ਸ. ਉਦੋਂ ਕੀ ਹੁੰਦਾ ਹੈ ਜਦੋਂ ਮੈਂ ਪਾਵਰ ਸਪਲਾਈ ਦੇ ਨਾਲ ਆਪਣੇ ਸਮਾਰਟ ਏਨਰਜੀ ਡਿਸਪਲੇ ਨੂੰ ਜੋੜਦਾ/ਦੀ ਹਾਂ?**

**ਜ.** ਜਦੋਂ ਤੁਸੀਂ ਆਪਣੇ ਸਮਾਰਟ ਏਨਰਜੀ ਡਿਸਪਲੇ ਦੇ ਨਾਲ ਮੇਨ ਪਾਵਰ ਸਪਲਾਈ ਨੂੰ ਜੋੜ ਦਿੰਦੇ ਹੋ, ਤਾਂ ਤੁਹਾਡੀ ਡਿਸਪਲੇ ਦੀ ਹੇਠਲੀ ਸਕ੍ਰੀਨ ਇੱਕ ਸੰਦੇਸ਼ ਦਰਸਾਵੇਗੀ ਜੋ ਕਿ ਇਹ ਪੜ੍ਹਦੀ ਹੈ, 'Connecting to Smart meter'। ਡਿਵਾਇਸ ਆਪਣੇ-ਆਪ ਕਨੈਕਟ ਹੋ ਜਾਣ ਤੋਂ ਪਹਿਲਾਂ ਇਸ ਵਿੱਚ ਲਗਭਗ 10 ਮਿੰਟ ਦਾ ਸਮਾਂ ਲਗ ਸਕਦਾ ਹੈ।

ਆਪਣੀ ਡਿਸਪਲੇ ਨੂੰ ਸਾਫ ਕਰਨ ਤੋਂ ਪਹਿਲਾਂ ਹਮੇਸ਼ਾ ਪਾਵਰ ਸਪਲਾਈ ਨੂੰ ਬੰਦ ਕਰੋ।

**ਸ. ਜੇ ਬੱਤੀ ਚਲੀ ਜਾਂਦੀ ਹੈ ਤਾਂ ਕੀ ਮੈਂ ਆਪਣੀ ਡਿਸਪਲੇ ਤੇ ਜਾਣਕਾਰੀ ਨੂੰ ਗਵਾ ਦੇਵਾਂਗਾ/ਗੀ?**

**ਜ.** ਡਿਸਪਲੇ ਦੁਆਰਾ ਵਰਤੀ ਜਾਣ ਵਾਲੀ ਜਾਣਕਾਰੀ ਨੂੰ ਸਮਾਰਟ ਮੀਟਰ(ਰਾਂ) ਦੇ ਅੰਦਰ ਸਟੋਰ ਕੀਤਾ ਜਾਂਦਾ ਹੈ। ਇਸ ਲਈ ਇਸ ਨੂੰ ਗਵਾਇਆ ਨਹੀਂ ਜਾਵੇਗਾ ਜੇ ਬੱਤੀ ਚਲੀ ਜਾਂਦੀ ਹੈ।

**ਸ. ਤੁਸੀਂ ਮੇਰੇ ਨਿਜੀ ਡੇਟਾ ਨੂੰ ਕਿੰਨੀ ਵਾਰੀ ਇਕੱਤਰ ਕਰੋਗੇ?**

**ਜ.** ਤੁਸੀਂ ਇਸ ਦੀ ਚੋਣ ਕਰ ਸਕਦੇ ਹੋ ਕਿ ਸਾਨੂੰ ਤੁਹਾਡੀਆਂ ਰੀਡਿੰਗਾਂ ਕਿੰਨੀ ਵਾਰੀ ਭੇਜੀਆਂ ਜਾਣ। ਹੋਰ ਹਲਾਤਾਂ ਵਿੱਚ ਤੁਹਾਡੇ ਦੁਆਰਾ ਸਾਨੂੰ ਨਾ ਦੱਸੇ ਜਾਣ ਤੇ, ਅਸੀਂ ਰੋਜ਼ ਦੇ ਅਧਾਰ ਤੇ ਤੁਹਾਡੀਆਂ ਰੀਡਿੰਗਾਂ ਨੂੰ ਲਵਾਂਗੇ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਸਾਡੀ ਮਦਦ ਕਰਦਾ ਹੈ ਕਿ ਤੁਹਾਡਾ ਬਿਲ ਸੰਭਵ ਹੱਦ ਤਕ ਸਟੀਕ ਹੈ। ਸਾਡੀ ਡੇਟਾ ਨੀਤੀ ਲਈ ਦੇਖੋ **npower.com/knowmore**

**ਸ. ਕੀ ਮੇਰੀ ਸਮਾਰਟ ਏਨਰਜੀ ਡਿਸਪਲੇ ਕੰਮ ਕਰੇਗੀ ਜੇ ਮੈਂ ਬਿਜਲੀ ਦੇ ਪੂਰਤੀਕਰਤਾ ਨੂੰ ਬਦਲਦਾ/ਦੀ ਹਾਂ?**

**ਜ.** ਇਹ ਉਸ ਪੂਰਤੀਕਰਤਾ ਤੇ, ਜਿਸ ਤੇ ਤੁਸੀਂ ਬਦਲਦੇ ਹੋ, ਅਤੇ ਉਨ੍ਹਾਂ ਦੀਆਂ ਸਮਾਰਟ ਮੀਟਰ ਦੀਆਂ ਨੀਤੀਆਂ ਅਤੇ ਸਮਰੱਥਾਵਾਂ ਤੇ ਨਿਰਭਰ ਕਰਦਾ ਹੈ। ਤੁਹਾਡੇ ਦੁਆਰਾ ਤਬਦੀਲੀ ਕਰਨ ਤੋਂ ਪਹਿਲਾਂ ਤੁਹਾਨੂੰ ਉਨ੍ਹਾਂ ਨਾਲ ਇਸ ਦੀ ਜਾਂਚ ਕਰਨੀ ਚਾਹੀਦੀ ਹੈ।

**ਸ. ਮੇਰੇ ਸਮਾਰਟ ਏਨਰਜੀ ਡਿਸਪਲੇ ਨੂੰ ਚਲਾਉਣ ਵਿੱਚ ਕਿੰਨੀ ਲਾਗਤ ਆਉਂਦੀ ਹੈ?**

**ਜ.** ਮੇਨ ਸਪਲਾਈ ਵਿੱਚ ਡਿਸਪਲੇ ਦਾ ਪਲੱਗ ਲਗਾ ਦਿੱਤੇ ਜਾਣ ਅਤੇ ਇਸ ਦੀ ਡਿਫਾਲਟ ਸੈਟਿੰਗਸ ਵਿੱਚ ਸਥਾਪਨਾ ਕੀਤੇ ਜਾਣ ਦੇ ਨਾਲ, ਇਸ ਨੂੰ ਚਲਾਉਣ ਵਿੱਚ ਸਧਾਰਨ ਸੰਚਾਲਨ ਦੇ ਹਲਾਤਾਂ ਦੇ ਤਹਿਤ ਸਿਰਫ ਲਗਭਗ 2 ਪੇਂਸ ਪ੍ਰਤੀ ਹਫਤੇ ਦੀ ਲਾਗਤ ਆਉਣੀ ਚਾਹੀਦੀ ਹੈ।

**ਸ. ਕੀ ਹੁੰਦਾ ਹੈ ਜੇ ਮੇਰੀ ਸਮਾਰਟ ਏਨਰਜੀ ਡਿਸਪਲੇ ਖਰਾਬ ਹੈ?**

**ਜ.** ਜੇ ਤੁਹਾਡੀ ਸਮਾਰਟ ਏਨਰਜੀ ਡਿਸਪਲੇ ਵਿੱਚ ਪਹਿਲੇ 12 ਮਹੀਨਿਆਂ ਦੇ ਅੰਦਰ ਕੋਈ ਖਰਾਬੀ ਆਉਂਦੀ ਹੈ, ਤਾਂ ਅਸੀਂ ਇਸ ਨੂੰ ਮੁਫਤ ਵਿੱਚ ਰਿਪੇਅਰ ਜਾਂ ਤਬਦੀਲ ਕਰਾਂਗੇ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੀ ਡਿਸਪਲੇ ਟੁੱਟ ਗਈ ਹੈ, ਤਾਂ ਇਸ ਗਾਈਡ ਦੇ ਪਿਛਲੇ ਪੰਨੇ ਤੇ ਦਿੱਤੇ ਨੰਬਰਾਂ ਵਿੱਚੋਂ ਕਿਸੇ ਇੱਕ ਨੰਬਰ ਤੇ ਸਾਨੂੰ ਕਾਲ ਕਰੋ।

**ਸ. ਕੀ ਹੁੰਦਾ ਹੈ ਜੇ ਮੇਰੇ ਸਮਾਰਟ ਮੀਟਰ(ਰਾਂ) ਵਿੱਚ ਕੋਈ ਖਰਾਬੀ ਹੁੰਦੀ ਹੈ?**

**ਜ.** ਜੇ ਤੁਹਾਨੂੰ ਆਪਣੇ ਸਮਾਰਟ ਮੀਟਰ(ਰਾਂ) ਵਿੱਚ ਖਰਾਬੀ ਦਾ ਪਤਾ ਲਗਦਾ ਹੈ, ਤਾਂ ਇਨ੍ਹਾਂ ਨੂੰ ਮੁਫਤ ਵਿੱਚ, ਸਾਡੇ ਦੁਆਰਾ ਰਿਪੇਅਰ ਕੀਤਾ ਜਾਂ ਬਦਲ ਦਿੱਤਾ ਜਾਵੇਗਾ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਸਮਾਰਟ ਮੀਟਰ(ਰਾਂ) ਵਿੱਚ ਕੋਈ ਖਰਾਬੀ ਹੈ, ਤਾਂ ਕਿਰਪਾ ਕਰਕੇ ਇਸ ਗਾਈਡ ਦੇ ਪਿਛਲੇ ਪੰਨੇ ਤੇ ਦਿੱਤੇ ਨੰਬਰਾਂ ਵਿੱਚੋਂ ਕਿਸੇ ਇੱਕ ਨੰਬਰ ਤੇ ਸਾਨੂੰ ਕਾਲ ਕਰੋ।

**ਆਪਣੇ ਮੀਟਰ ਦੀ ਰੀਡਿੰਗ ਦੀ ਜਾਂਚ ਕਰਨਾ:**
ਤੁਹਾਡੇ ਸਮਾਰਟ ਮੀਟਰ ਆਪਣੇ-ਆਪ ਹੀ ਸਾਨੂੰ ਤੁਹਾਡੀ ਰੀਡਿੰਗ ਭੇਜ ਦੇਣਗੇ। ਪਰ, ਜੇ ਤੁਸੀਂ ਉਨ੍ਹਾਂ ਨੂੰ ਦੇਖਣਾ ਚਾਹੁੰਦੇ ਹੋ, ਤਾਂ ਤੁਸੀਂ ਸੈਟਿੰਗਸ ਮੀਨੂ ਦੇ ਅੰਦਰ ਐਡਵਾਂਸਡ ਸੈਟਿੰਗਸ ਤੋਂ ਇਹ ਕਰ ਸਕਦੇ ਹੋ – ਜਾਂ ਤੁਸੀਂ ਮੀਟਰ ਤੇ ਵੀ ਰੀਡਿੰਗ ਨੂੰ ਦੇਖ ਸਕਦੇ ਹੋ।

# ਸਮੱਸਿਆ ਨਿਵਾਰਣ

## ਕੀ ਤੁਹਾਡੀ ਡਿਸਪਲੇ ਚਾਲੂ ਹੈ ਪਰ ਇਹ ਕੋਈ ਬਿਜਲੀ ਦੀ ਜਾਣਕਾਰੀ ਨਹੀਂ ਦਰਸਾ ਰਹੀ ਹੈ?

ਆਪਣੀ ਡਿਸਪਲੇ ਨੂੰ ਆਪਣੇ ਸਮਾਰਟ ਮੀਟਰ(ਰਾਂ) ਦੇ ਨੇੜੇ ਲਿਜਾਉਣ ਦੀ ਕੋਸ਼ਿਸ਼ ਕਰੋ, ਜੇ ਸਮੱਸਿਆ ਬਣੀ ਰਹਿੰਦੀ ਹੈ, ਤਾਂ ਕਿਰਪਾ ਕਰਕੇ ਸਾਡੀ ਹੈਲਪਲਾਈਨ ਨਾਲ ਸੰਪਰਕ ਕਰੋ।

ਜੇ ਸਮਾਰਟ ਮੀਟਰਿੰਗ ਨੈਟਵਰਕ ਕੱਟਿਆ ਜਾਂਦਾ ਹੈ ਤਾਂ ਇਹ ਦਰਸਾਵੇਗਾ **ਸਮਾਰਟ ਮੀਟਰ ਕਨੈਕਟ ਹੋ ਰਿਹਾ ਹੈ...** ਬੱਸ ਡਿਵਾਇਸ ਨੂੰ ਬੰਦ ਕਰੋ ਅਤੇ ਇਸ ਨੂੰ ਫੇਰ ਤੋਂ ਚਾਲੂ ਕਰੋ। ਤੁਹਾਡੀ ਸਮਾਰਟ ਏਨਰਜੀ ਡਿਸਪਲੇ 10 ਮਿੰਟਾਂ ਵਿੱਚ ਖੁਦ ਨੂੰ ਰੀਸੈਟ ਕਰੇਗੀ ਅਤੇ ਇੱਕ ਨੈਟਵਰਕ ਕਨੈਕਸ਼ਨ ਦੇ ਨਾਲ ਸਧਾਰਨ ਤੌਰ ਤੇ ਫੇਰ ਤੋਂ ਚਾਲੂ ਹੋ ਜਾਵੇਗੀ।

## ਤਕਨੀਕੀ ਅਤੇ ਸੁਰੱਖਿਆ ਬਿਟਸ

ਇਹ ਉਤਪਾਦ ਇੱਕ ਘਰੇਲੂ ਜਾਂ ਛੋਟੇ ਦਫਤਰ ਵਾਲੇ ਮਾਹੌਲ ਅੰਦਰ ਹੀ ਉਪਯੋਗ ਕੀਤੇ ਜਾਣ ਲਈ ਨਿਯਤ ਕੀਤਾ ਗਿਆ ਹੈ। ਇਹ ਬਾਹਰੀ ਉਪਯੋਗ ਲਈ ਉਚਿਤ ਨਹੀਂ ਹੈ।

ਤੁਹਾਡੇ ਸਮਾਰਟ ਏਨਰਜੀ ਡਿਸਪਲੇ ਨੂੰ ਆਪਣੇ-ਆਪ ਖੜ੍ਹੇ ਹੋਣ ਜਾਂ ਕੰਧ ਤੇ ਲਗਾਏ ਜਾਣ ਦੋਹਾਂ ਵਜੋਂ ਉਪਯੋਗ ਕੀਤੇ ਜਾਣ ਲਈ ਤਿਆਰ ਕੀਤਾ ਗਿਆ ਹੈ। ਕੰਧ ਤੇ ਲਗਾਉਣ ਲਈ, ਬੱਸ ਡਿਸਪਲੇ ਦੇ ਪਿਛਲੇ ਹਿੱਸੇ ਨੂੰ ਕੱਢੋ ਅਤੇ ਇਸ ਨੂੰ ਇੱਕ ਨੰ. 8 ਦੇ ਆਪਣੇ-ਆਪ ਟੈਪ ਹੋਣ ਵਾਲੇ ਪੇਚ ਦੇ ਨਾਲ ਇੱਕ ਖੜ੍ਹਵੇਂ, ਸਪਾਟ ਤਲ ਤੇ ਲਗਾਓ।

| | |
|---|---|
| **ਸਪਲਾਈ ਵੋਲਟੇਜ** | 240Vac, 50Hz |
| **ਸੰਚਾਲਨ ਸਬੰਧੀ ਵੋਲਟੇਜ** | 5Vdc ਜਾਂ 3x AAA ਐਲਕਲਾਇਨ ਬੈਟਰੀਆਂ |
| **ਬੈਟਰੀ ਦਾ ਉਪਯੋਗ** | ਬੈਟਰੀਆਂ ਦਾ ਸਿਰਫ ਅਸਥਾਈ ਤੌਰ ਤੇ ਹੀ ਉਪਯੋਗ ਕੀਤਾ ਜਾਣਾ ਚਾਹੀਦਾ ਹੈ ਅਤੇ ਸਮਾਰਟ ਏਨਰਜੀ ਡਿਸਪਲੇ ਨੂੰ ਮੇਨ ਸਪਲਾਈ ਨਾਲ ਜੋੜ ਦਿੱਤੇ ਜਾਣ ਤੋਂ ਪਹਿਲਾਂ ਇਸ ਨੂੰ ਕੱਢਿਆ ਜਾਣਾ ਲਾਜ਼ਮੀ ਹੈ।<br>**ਕਦੇ ਵੀ ਰੀਚਾਰਜ ਹੋਣ ਯੋਗ ਬੈਟਰੀਆਂ ਦਾ ਉਪਯੋਗ ਨਾ ਕਰੋ।** |
| **ਸੰਚਾਲਨ ਸਬੰਧੀ ਪਾਵਰ** | < 0.6W |
| **ਸੰਚਾਲਨ ਸਬੰਧੀ ਤਾਪਮਾਨ** | 0 ਤੋਂ 40°C |
| **ਸੰਚਾਲਨ ਸਬੰਧੀ ਨਮੀ** | 0 ਤੋਂ 85% ਨੋਨ-ਕੰਡੈਂਸਿੰਗ |

# ਸੁਰੱਖਿਆ ਨੋਟਿਸ

**ਇਸ ਉਤਪਾਦ ਦਾ ਉਪਯੋਗ ਕਰਨ ਵੇਲੇ ਕੁਝ ਅਸਾਨ ਸੁਰੱਖਿਆ ਸਾਵਧਾਨੀਆਂ ਦਾ ਧਿਆਨ ਰੱਖਣਾ ਮਹੱਤਵਪੂਰਨ ਹੈ। ਤੁਹਾਡੇ ਸਮਾਰਟ ਏਨਰਜੀ ਡਿਸਪਲੇ ਦਾ ਸੁਰੱਖਿਅਕ ਸੰਚਾਲਨ ਖਰਾਬ ਹੋ ਜਾਂਦਾ ਹੈ ਜੇ ਇਸ ਦਾ ਨਿਰਮਾਤਾ ਦੁਆਰਾ ਦੱਸੇ ਗਏ ਤਰੀਕੇ ਨਾਲ ਉਪਯੋਗ ਨਹੀਂ ਕੀਤਾ ਜਾਂਦਾ ਹੈ।**

ਸਮਾਰਟ ਏਨਰਜੀ ਡਿਸਪਲੇ ਨੂੰ ਪਾਣੀ ਅਤੇ ਹੋਰ ਤਰਲ ਪਦਾਰਥਾਂ ਤੋਂ ਦੂਰ ਰੱਖੋ। ਸਫਾਈ ਕਰਨ (ਸਿਰਫ ਇੱਕ ਨਰਮ, ਸੁੱਕੇ ਕੱਪੜੇ ਦੇ ਨਾਲ ਹੀ) ਤੋਂ ਪਹਿਲਾਂ ਮੇਨ ਪਾਵਰ ਸਪਲਾਈ ਤੋਂ ਅਲੱਗ ਕਰੋ। ਪਾਣੀ ਜਾਂ ਹੋਰ ਤਰਲ ਪਦਾਰਥਾਂ ਦੇ ਵਿੱਚ ਇਸ ਨੂੰ ਨਾ ਡੁਬਾਓ। ਕਿਰਪਾ ਕਰਕੇ ਆਪਣੇ ਪੂਰਤੀਕਰਤਾ ਨਾਲ ਸੰਪਰਕ ਕਰੋ ਜੇ ਕੋਈ ਭਾਗ ਨਸ਼ਟ ਜਾਂ ਖਰਾਬ ਹੋਇਆ ਪ੍ਰਤੀਤ ਹੁੰਦਾ ਹੈ।

ਤੁਹਾਡੀ ਸਮਾਰਟ ਏਨਰਜੀ ਡਿਸਪਲੇ ਨੂੰ ਸਿਰਫ ਘਰ ਦੇ ਅੰਦਰ, ਘਰੇਲੂ ਮਾਹੌਲ ਵਿੱਚ ਉਪਯੋਗ ਕੀਤੇ ਜਾਣ ਲਈ ਹੀ ਡਿਜ਼ਾਇਨ ਕੀਤਾ ਗਿਆ ਹੈ।

ਰੀਚਾਰਜ ਕਰਨ ਯੋਗ ਬੈਟਰੀਆਂ ਨੂੰ ਨਾ ਲਗਾਓ ਅਤੇ ਹਮੇਸ਼ਾ ਮੇਨ ਸਪਲਾਈ ਨਾਲ ਜੋੜਣ ਤੋਂ ਪਹਿਲਾਂ ਬੈਟਰੀਆਂ ਨੂੰ ਕੱਢੋ।

ਵਾਤਾਵਰਣ ਦੀ ਰੱਖਿਆ ਕਰਨ ਲਈ, ਇਸ ਉਤਪਾਦ ਅਤੇ ਇਸ ਦੀਆਂ ਬੈਟਰੀਆਂ ਦਾ ਇਸ ਦੇ ਜੀਵਨਕਾਲ ਦੇ ਅੰਤ ਤੇ ਸੁਰੱਖਿਅਤ ਢੰਗ ਨਾਲ ਨਿਪਟਾਨ ਕੀਤਾ ਜਾਣਾ ਲਾਜ਼ਮੀ ਹੈ।

ਇਹ ਉਤਪਾਦ CE ਦੁਆਰਾ ਮਨਜ਼ੂਰਸ਼ੁਦਾ ਹੈ।

ਇਹ ਉਤਪਾਦ ਰਿਸਟ੍ਰਿਕਸ਼ਨ ਆਫ ਹੈਜ਼ਰਡਸ ਸਬਸਟਾਂਸਿਸ ਨਿਰਦੇਸ਼ (RoHS) ਦੇ ਨਿਯਾਮਕਾਂ ਦੀ ਪਾਲਣਾ ਕਰਦਾ ਹੈ।

# ਸਾਡੇ ਨਾਲ ਸੰਪਰਕ ਕਰੋ

## ਆਪਣੇ ਸਮਾਰਟ ਮੀਟਰ(ਰਾਂ) ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ:

ਇੱਥੇ ਜਾਓ
**npower.com/knowmore**

ਜੇ ਤੁਹਾਡੇ ਕੋਈ ਵੀ ਸਵਾਲ ਹਨ, ਤਾਂ ਕਿਰਪਾ ਕਰਕੇ ਸੰਪਰਕ ਵਿੱਚ ਆਓ। ਸਾਨੂੰ ਮਦਦ ਕਰਨ ਵਿੱਚ ਖੁਸ਼ੀ ਹੋਵੇਗੀ।

**0800 980 9907**
(ਆਮ ਤੌਰ ਤੇ ਸਾਰੇ ਲੈਂਡਲਾਈਨਾਂ ਅਤੇ ਮੋਬਾਈਲਾਂ ਤੋਂ ਮੁਫਤ ਹੈ)

ਜਾਂ

**0330 100 8137**
(ਇਹ ਮੋਬਾਈਲਾਂ ਤੋਂ ਕੋਈ ਵੀ 'ਇੰਕਲੁਸਿਵ ਮਿੰਟਾਂ' ਵਿੱਚ ਸ਼ਾਮਲ ਸਨ)

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤ ਦੇ 8 ਵਜੇ ਤਕ,ਸ਼ਨੀਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 6 ਵਜੇ ਤਕ

## ਆਪਣੇ ਸਮਾਰਟ ਮੀਟਰ ਤੋਂ ਹੋਰ ਵੀ ਜਾਣਕਾਰੀ ਪ੍ਰਾਪਤ ਕਰਨਾ

ਸਮਾਰਟ ਮੀਟਰ ਸਾਨੂੰ ਆਪਣੇ-ਆਪ ਹੀ ਤੁਹਾਡੇ ਮੀਟਰ ਦੀਆਂ ਰੀਡਿੰਗਾਂ ਭੇਜਦੇ ਹਨ ਅਤੇ ਜਿੰਨੀ ਵਾਰੀ ਅਸੀਂ ਤੁਹਾਡੇ ਬਿਜਲੀ ਦੇ ਡੇਟਾ ਨੂੰ ਇਕੱਤਰ ਕਰਾਂਗੇ, ਅਸੀਂ ਇਸ ਨੂੰ ਸਮਝਣ ਵਿੱਚ ਤੁਹਾਡੀ ਉੰਨੀ ਹੀ ਮਦਦ ਕਰਨ ਦੇ ਯੋਗ ਹੋਵਾਂਗੇ। ਹੋਰ ਹਲਾਤਾਂ ਵਿੱਚ ਜਦੋਂ ਤਕ ਤੁਸੀਂ ਸਾਨੂੰ ਨਹੀਂ ਦੱਸਿਆ ਹੈ, ਤਾਂ ਅਸੀਂ ਰੋਜ਼ ਰੀਡਿੰਗਾਂ ਨੂੰ ਲਵਾਂਗੇ, ਪਰ ਜੇ ਤੁਸੀਂ ਅੱਧੇ ਘੰਟੇ ਲਈ ਅਪਗ੍ਰੇਡ ਕਰਦੇ ਹੋ ਤਾਂ ਤੁਸੀਂ ਆਪਣੇ ਨਿਸ਼ਚਿਤ ਬਿਜਲੀ ਦੇ ਉਪਯੋਗ ਤੇ ਅਧਾਰਤ ਆਨਲਾਈਨ ਟੂਲਸ, ਰਿਪੋਰਟਾਂ ਅਤੇ ਸਲਾਹ ਤਕ ਪਹੁੰਚ ਪ੍ਰਾਪਤ ਕਰ ਸਕਦੇ ਹੋ – ਜੋ ਤੁਹਾਡੀ ਬਿਜਲੀ ਅਤੇ ਪੈਸੇ ਨੂੰ ਬਚਾਉਣ ਵਿੱਚ ਮਦਦ ਕਰੇਗਾ।

ਆਪਣਾ ਖਾਤਾ ਇੱਥੇ ਆਨਲਾਈਨ ਐਕਟਿਵੇਟ ਕਰੋ:
**npower.com/activatesmart**

ਜਦੋਂ ਅਸੀਂ ਸਮਾਰਟ ਮੀਟਰਾਂ ਨੂੰ ਇੰਸਟਾਲ ਕਰਦੇ ਹਾਂ ਤਾਂ ਅਸੀਂ ਓਫਜੇਮ ਦੁਆਰਾ ਮਨਜ਼ੂਰਸ਼ੁਦਾ ਸਮਾਰਟ ਮੀਟਰ ਇੰਸਟਾਲੇਸ਼ਨ ਦੀ ਕਾਰਜ ਸੰਹਿਤਾ ਤੇ ਕੰਮ ਕਰਦੇ ਹਾਂ। ਇਸ ਨੂੰ npower.com/smicop ਤੇ ਦੇਖਿਆ ਜਾ ਸਕਦਾ ਹੈ।

**ਫੋਨ ਕਾਲਾਂ:** ਅਸੀਂ ਸੁਰੱਖਿਆ, ਗੁਣਵੱਤਾ ਜਾਂ ਸਿਖਲਾਈ ਦੇ ਉਦੇਸ਼ਾਂ ਲਈ ਕਾਲਾਂ ਦੀ ਨਿਗਰਾਨੀ ਅਤੇ/ਜਾਂ ਇਨ੍ਹਾਂ ਨੂੰ ਰਿਕਾਰਡ ਕਰ ਸਕਦੇ ਹਾਂ। ਸਾਨੂੰ 0800 ਵਾਲੇ ਨੰਬਰ ਤੇ ਕਾਲ ਕਰਨਾ ਸਾਰੇ ਮੋਬਾਈਲਾਂ ਤੋਂ ਮੁਫਤ ਹੋਣਾ ਚਾਹੀਦਾ ਹੈ ਅਤੇ ਆਮ ਤੌਰ ਤੇ ਸਾਰੇ ਲੈਂਡਲਾਈਨਾਂ ਤੋਂ ਵੀ ਮੁਫਤ ਹੈ। ਸਾਨੂੰ 0330 ਵਾਲੇ ਨੰਬਰ ਤੇ ਕਾਲ ਕਰਨ ਦੀ ਲੈਂਡਲਾਈਨ ਜਾਂ ਮੋਬਾਈਲ ਤੋਂ 01 ਜਾਂ 02 ਨੰਬਰਾਂ ਨਾਲੋਂ ਜ਼ਿਆਦਾ ਦੀ ਲਾਗਤ ਨਹੀਂ ਆਵੇਗੀ। ਜੇ ਤੁਸੀਂ ਆਪਣੇ ਪੈਕੇਜ ਦੇ ਨਾਲ 'ਇੰਕਲੁਜ਼ਿਵ ਮਿੰਟ' ਪ੍ਰਾਪਤ ਕਰਦੇ ਹੋ, ਤਾਂ 0330 ਵਾਲੇ ਨੰਬਰ ਤੇ ਕਾਲਾਂ ਇਨ੍ਹਾਂ ਦਾ ਹਿੱਸਾ ਹੋਣਗੀਆਂ।

ਡਿਜ਼ਾਇਨ ਅਤੇ ਨਿਰਮਾਣ ਕਰਤਾ: Green Energy Options Ltd., 3 St. Mary's Court, Main Street, Hardwick, Cambridge CB23 7QS, UK.
ਇਸ ਯੂਨਿਟ ਦੀ ਜਾਂਚ ਕੀਤੀ ਗਈ ਹੈ ਅਤੇ ਇਹ ਹੇਠਾਂ ਦਿੱਤੇ ਮਾਨਕਾਂ ਦੀ ਪੁਸ਼ਟੀ ਕਰਦੀ ਹੈ: EN 300 328 V1.7.1 | EN 301 489-1 V1.8.1 | EN 301 489-3 V1.4.1 | EN 61010-1

npower (ਐੱਨਪਾਵਰ) ਇੱਕ ਪੰਜੀਕ੍ਰਿਤ ਟ੍ਰੇਡਮਾਰਕ ਹੈ ਅਤੇ ਐੱਨਪਾਵਰ ਲਿਮਿਟੇਡ (ਇੰਗਲੈਂਡ ਅਤੇ ਵੇਲਸ ਵਿੱਚ ਪੰਜੀਕ੍ਰਿਤ ਸੰ. 3653277) ਅਤੇ ਐੱਨਪਾਵਰ ਗੈਸ ਲਿਮਿਟੇਡ (ਇੰਗਲੈਂਡ ਅਤੇ ਵੇਲਸ ਵਿੱਚ ਪੰਜੀਕ੍ਰਿਤ ਸੰ. 2999919) ਸਮੇਤ ਸਹਾਇਕ ਕੰਪਨੀਆਂ ਦਾ ਵਪਾਰਕ ਨਾਂ ਹੈ। ਐੱਨਪਾਵਰ ਨੋਰਦਨ ਲਿਮਿਟੇਡ (ਇੰਗਲੈਂਡ ਅਤੇ ਵੇਲਸ ਵਿੱਚ ਪੰਜੀਕ੍ਰਿਤ ਸੰ. 3432100), ਐੱਨਪਾਵਰ ਨੋਰਦਨ ਸਪਲਾਈ ਲਿਮਿਟੇਡ (ਇੰਗਲੈਂਡ ਅਤੇ ਵੇਲਸ ਵਿੱਚ ਪੰਜੀਕ੍ਰਿਤ ਸੰ. 2845740), ਐੱਨਪਾਵਰ ਯੋਰਕਸ਼ਾਇਰ ਲਿਮਿਟੇਡ (ਪੰਜੀਕ੍ਰਿਤ ਸੰ. 3937808) ਅਤੇ ਐੱਨਪਾਵਰ ਯੋਰਕਸ਼ਾਇਰ ਸਪਲਾਈ ਲਿਮਿਟੇਡ (ਇੰਗਲੈਂਡ ਅਤੇ ਵੇਲਸ ਵਿੱਚ ਪੰਜੀਕ੍ਰਿਤ ਸੰ. 4212116)।
ਪੰਜੀਕ੍ਰਿਤ ਦਫਤਰ: Windmill Hill Business Park, Whitehill Way, Swindon, Wiltshire SN5 6PB.

npm14117/MM20415/05.17